# ਪਾਠ 4

## ਸੰਬੰਧ ਰੱਖਣ ਵਾਲੀ ਧਾਰਮਿਕਤਾ

ਮੱਤੀ 5:17-48



ਮਨੋਰਥ : ਸਿੱਖਣਾ ਕਿ ਸਾਡੇ ਸੰਬੰਧਾ ਵਿੱਚ – ਕਿਵੇਂ ਪਰਮੇਸ਼ੁਰ ਦੇ ਹੱਲ ਦਾ ਹਿੱਸਾ ਹੋਣਾ – ਸੰਸਾਰ ਵਿੱਚ ਚਾਨਣ ਅਤੇ ਲੂਣ ਹੋਣਾ ਹੈ।



“ਇਹ ਨਾ ਸਮਝੋ ਭਈ ਮੈਂ ਤੁਰੇਤ ਯਾ ਨਬੀਆਂ ਨੂੰ ਖੰਡਣ ਆਇਆ ਹਾਂ। ਮੈਂ ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆਂ ਹੈ । ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇੱਕ ਅੱਖਰ ਯਾ ਇੱਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਪੂਰਾ ਨਾ ਹੋਵੇ। ਸੋ ਜੋ ਕੋਈ ਇਨ੍ਹਾਂ ਸਭਨਾਂ ਤੋਂ ਛੋਟਿਆਂ ਹੁਕਮਾਂ ਵਿੱਚੋਂ ਇੱਕ ਨੂੰ ਵੀ ਟਾਲ ਦੇਵੇ ਅਤੇ ਇਸੇ ਤਰਾਂ ਮਨੁੱਖਾਂ ਨੂੰ ਸਿਖਲਾਵੇ ਸੋ ਸੁਰਗ ਰਾਜ ਵਿੱਚ ਸਭਨਾਂ ਨਾਲੋਂ ਛੋਟਾ ਕਹਾਵੇਗਾ ਪਰ ਜਿਹੜਾਂ ਉਹਨਾਂ ਦੀ ਪਾਲਨਾ ਕਰੇ ਅਤੇ ਸਿਖਲਾਵੇ ਉਹ ਸੁਰਗ ਦੇ ਰਾਜ ਵਿੱਚ ਸੱਭ ਤੋਂ ਵੱਡਾ ਕਹਾਵੇਗਾ । ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰਥੀਆਂ ਅਤੇ ਫ਼ਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿੱਚ ਕਿਸ ਬਿਧ ਨਾ ਵੜੋਗੇ ।

– ਮੱਤੀ 5:17-20



ਬਹੁਤ ਸਾਰੇ ਲੋਕ ਸੋਚਦੇ ਹਨ ਕਿ ਯਿਸੂ ਇਹਨਾਂ ਆਇਤਾ ਵਿੱਚ ਪੁਰਾਣੇ ਨਿਯਮ ਦੇ ਵਿੱਰੁਧ ਕਹਿ ਰਿਹਾ ਸੀ, ਪਰ ਉਹ ਸਿਰਫ਼ ਧਾਰਮਿਕ ਆਗੂਆਂ ਦੀਆਂ ਸਿੱਖਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਉਹ ਉਸ ਦੇ ਚੇਲਿਆਂ ਨੂੰ ਕਹਿ ਰਿਹਾ ਸੀ: “ਜੋ ਕੁੱਝ ਵੀ ਮੈਂ ਤੁਹਾਨੂੰ ਸਿਖਾ ਰਿਹਾ ਹਾਂ ਪਰਮੇਸ਼ੁਰ ਦੇ ਵਚਨ ਵਿੱਚ ਪਾਇਆ ਗਿਆ ਹੈ, ਪਰ ਜੋ ਮੈ ਤੁਹਾਨੂੰ ਸਿਖਾ ਰਿਹਾ ਹਾਂ ਸਿੱਧਾ ਉਸ ਦੇ ਵਿਪਰੀਤ ਹੈ ਜੋ ਤੁਹਾਡੇ ਧਾਰਮਿਕ ਆਗੂ ਤੁਹਾਨੂੰ ਸਿਖਾ ਰਹੇ ਹਨ” । ਉਹ ਤੱਦ ਬਾਅਦ ਦੀਆਂ ਆਇਤਾ ਵਿੱਚ ਸ਼ਰਾ ਦੇ ਸ਼ਬਦਾਂ -ਫ਼ਰੀਸੀਆਂ ਦੀਆਂ ਸਿੱਖਿਆਂਵਾ, ਅਤੇ ਸ਼ਰਾ ਦੀ ਆਤਮਾ– ਯਿਸੂ ਦੀ ਸਿੱਖੀਆ ਵਿੱਚਕਾਰ ਫ਼ਰਕ ਦਾ ਵਰਨਣ ਕਰਦਾ ਹੈ। ਉਸ ਨੇ ਸਿੱਖਿਆ ਕਿ ਸ਼ਰਾ ਸਦੀਪਕ ਕਾਲ ਲਈ ਹੋਣ

ਵਾਸਤੇ ਸੀ, ਸਿਰਫ਼ ਸਦੀਪਕ ਕਾਲ ਲਈ ਹੀ ਨਹੀਂ; ਕਿ ਇਹ ਸਿਰਫ਼ ਸਮਤਲ ਹੋਣ ਦੀ ਬਜਾਏ (ਦੂਸਰੀਆ ਦਾ ਵਿਖੇ ਜਾਣ ਲਈ ਕੀਤੇ ਜਾਣ ਲਈ), ਇਸ ਨੂੰ ਉਪਰ ਵਾਲ ਹੋਣਾ ਸੀ (ਪਰਮੇਸ਼ੁਰ ਲਈ ਕੀਤਾ ਜਾਣਾ); ਕਿ ਇਸ ਨੂੰ ਰਵਾਇਤੀ ਹੋਣ ਦੀ ਬਜਾਏ ਪਵਿੱਤਰ ਵਚਨ ਅਨੁਸਾਰ ਹੋਣਾ ਸੀ; ਅਤੇ ਇਹ ਕਿ ਇਸ ਨੂੰ ਪਾਖੰਡੀ ਹੋਣ ਦੀ ਬਜਾਏ ਅਸਲੀ ਹੋਣਾ ਸੀ ।

1. ਮੱਤੀ 5:17 ਵਿੱਚ, ਯਿਸੂ ਨੇ ਸ਼ਰਾ ਅਤੇ ਨਬੀਆਂ ਬਾਰੇ ਕਿਹਾ, "ਮੈਂ ਖੰਡਣ ਨਹੀਂ ਸਗੋਂ ________________ ਨੂੰ ਆਇਆ ਹੈ" ।

2. ਸਹੀ ਜਾਂ ਗਲਤ: ਯਿਸੂ ਨੇ ਉਸ ਦੇ ਚੇਲਿਆਂ ਨੂੰ ਸਿਖਾਈਆ ਕਿ ਪੁਰਾਣਾ ਨਿਯਮ ਹੁਣ ਬਿਲਕੁਲ ਵੀ ਢੁੱਕਵਾਂ ਨਹੀਂ ਸੀ ।

3. ਸਹੀ ਜਾਂ ਗਲਤ : ਯਿਸੂ ਨੇ ਸਿਖਾਈਆ ਕਿ ਪੁਰਾਣੇ ਨਿਯਮ ਦੀ ਸ਼ਰਾ ਦੀ ਆਤਮਾ ਜੋ ਧਾਰਮਿਕ ਆਗੂਆ ਨੇ ਸਿਖਾਈਆ ਸੀ ਨਾਲੋਂ ਜਿਆਦਾ ਡੂੰਘੀ ਅਤੇ ਵਿਅਕਤੀਗਤ ਸੀ ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ  ਹੇਠਾਂ ਲਿਖੇ ਪ੍ਰਸ਼ਨਾਂ ਲਈ ਇੱਕ ਸਹੀ ਉਤਰ ਨੂੰ ਚੁਣੋ।

4. 2 ਕੁਰਿੰਥੀਆਂ 3:6 ਪੜੋ । ਇਸ ਆਇਤ ਅਨੁਸਾਰ, ਸ਼ਰਾ ਦੀ ਆਤਮਾ ਅਤੇ ਸ਼ਬਦਾ ਵਿੱਚਾਕਾਰ ਮੁੱਖ ਫ਼ਰਕ ਕੀ ਸੀ ?
   - ੳ. ਕੋਈ ਫ਼ਰਕ ਨਹੀਂ; ਉਹ ਮਿਲਦੇ-ਜੁਲਦੇ ਹਨ।
   - ਅ. ਸ਼ਬਦਾਂ ਦੀ ਪਾਲਣਾ ਕਰਨਾ ਜਿਆਦਾ ਅਸਾਨ ਹੈ ।
   - ੲ. ਆਤਮਾ ਪਾਪ ਬਾਰੇ ਘੱਟ ਕਠੋਰ ਹੈ ।
   - ਸ. ਸ਼ਬਦ ਮਾਰਦੇ ਹਨ ਪਰ ਆਤਮਾ ਜੀਵਨ ਦਿੰਦਾ ਹੈ ।

5. ਮੱਤੀ 5:20 ਵਿੱਚ ਯਿਸੂ ਆਖਦਾ ਹੈ ਕਿ ਸਾਡੀ ਧਾਰਮਿਕਤਾ:
   - ੳ. ਧਾਰਮਿਕ ਆਗੂਆਂ ਦੀ ਧਾਰਮਿਕਤਾ ਨਾਲੋਂ ਵੱਧ ਹੋਣੀ ਚਾਹੀਦੀ ਹੈ
   - ਅ. ਸੰਭਵ ਧਾਰਮਿਕ ਆਗੂਆਂ ਦੀ ਧਾਰਮਿਕਤਾ ਨਾਲ ਮਿਲ ਨਹੀਂ ਸਕਦੀ ਹੈ
   - ੲ. ਇਹ ਪਰਮੇਸ਼ੁਰ ਲਈ ਹੁਣ ਕੋਈ ਮਹੱਤਵਪੂਰਣ ਨਹੀਂ ਹੈ
   - ਸ. ਪੁਰਾਣੇ ਨਿਯਮ ਤੇ ਬਿਲਕੁਲ ਵੀ ਅਧਾਰਿਤ ਨਹੀਂ ਹੋਣੀ ਚਾਹੀਦੀ ਹੈ ।

6. ਪਰਮੇਸ਼ੁਰ ਦੇ ਪਿਆਰ ਦੇ ਸ਼ੀਸ਼ੇ ਰਾਹੀਂ, ਸ਼ਰਾ ਇਸ ਲਈ ਦਿੱਤੀ ਗਈ ਹੈ :
   - ੳ. ਨਿਆਂ ਕਰਨ ਅਤੇ ਪਾਪ ਨੂੰ ਦੋਸ਼ ਦੇਣ
   - ਅ. ਲੋਕਾਂ ਨੂੰ ਜਿਆਦਾ ਚੰਗੇ ਹੋਣ ਲਈ ਬੇਨਤੀ ਕਰਨ ਵਾਸਤੇ
   - ੲ. ਲੋਕਾਂ ਦੀ ਰਾਜੀ-ਖੁਸ਼ੀ ਸੁਧਾਰਣ ਲਈ
   - ਸ. ਧਾਰਮਿਕ ਸਿੱਖਿਅਕਾਂ ਨੂੰ ਆਪਣੇ ਬਾਰੇ ਚੰਗਾ ਮਹਿਸੂਸ ਕਰਾਉਣ ਲਈ

7. ਹੇਠਾਂ ਦਿੱਤੀ ਸੂਚੀ ਤੋਂ ਸ਼ਰਾ ਦੇ ਲਈ ਧਾਰਿਮਕ ਆਗੂਆਂ ਦੀ ਗਲਤ ਪਹੁੰਚ ਤੇ X ਦਾ ਨਿਸ਼ਾਨ  ਲਗਾਓ ।
   - ਸਦੀਪਕ
   - ਉਪਰ ਵੱਲ
   - ਪਵਿੱਤਰ ਵਚਨ
   - ਅੰਦਰੂਨੀ

- ਅਨੁਸਾਰ
- ਪਾਖੰਡੀ
- ਰਵਾਇਤੀ
- ਸਮਤਲ
- ਅਸਲੀ

8. ਉੱਪਰ ਦਿੱਤੀ ਸੂਚੀ ਤੋਂ ਸ਼ਰਾ ਲਈ ਯਿਸੂ ਦੀ ਪਹੁੰਚ ਨੂੰ ਪ੍ਰਮੁੱਖਤਾ ਦਿਓ।



ਜਿਸ ਢੰਗ ਨਾਲ ਤੁਸੀਂ ਪਹੁੰਚ ਰੱਖਦੇ ਅਤੇ ਪਰਮੇਸ਼ੁਰ ਦੇ ਵਚਨ ਨੂੰ ਲਾਗੂ ਕਰਦੇ ਅਤੇ ਜਿਸ ਢੰਗ ਨਾਲ ਫ਼ਰੀਸੀ ਕਰਦੇ ਵਿੱਚਕਾਰ ਕੀ ਤੁਸੀਂ ਕੀ ਕੁਝ ਸਮਾਨਤਾ ਵੇਖ ਸਕਦੇ ਹੋ? ____________

ਜੇਕਰ ਹਾਂ ਤਾ ਉਹ ਕੀ ਹਨ? ਹੋਰ ਜਿਆਦਾ ਯਿਸੂ ਵਾਂਗ ਤੁਸੀਂ ਕਿਵੇਂ ਹੋ ਸਕਦੇ ਹੋ?
______________________________________________________
______________________________________________________
______________________________________________________
______________________________________________________
______________________________________________________

## ਤੁਹਾਡਾ ਭਰਾ



"ਤੁਸਾਂ ਸੁਣਿਆ ਕਿ ਅਗਲੀਆਂ ਨੂੰ ਇਹ ਕਿਹਾ ਗਿਆ ਸੀ, 'ਤੂੰ ਖੂਨ ਨਾ ਕਰ, ਅਤੇ ਜੋ ਕੋਈ ਖੂਨ ਕਰੇ ਸੋ ਅਦਾਲਤ ਵਿੱਚ ਸਜ਼ਾ ਦੇ ਲਾਇਕ ਹੋਵੇਗਾ । ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਹਰੇਕ ਜੋ ਕੋਈ ਆਪਣੇ ਭਰਾ ਉੱਤੇ ਕ੍ਰੋਧ ਕਰੇ ਉਹ ਅਦਾਲਤ ਵਿੱਚ ਸਜ਼ਾ ਦੇ ਲਾਇਕ ਹੋਵੇਗਾ। ਇੱਕ ਵਾਰ ਫੇਰ, ਜੇ ਕੋਈ ਆਪਣੇ ਭਰਾ ਨੂੰ ਗਾਲ ਦੇਵੇ ਉਹ ਸਭਾ ਵਿੱਚ ਸਜ਼ਾ ਦੇ ਲਾਇਕ ਹੋਵੇਗਾ ਪਰ ਜਿਹੜਾ ਕਹੇ "ਮੂਰਖਾ" ਉਹ ਅਗਨ ਦੇ ਨਰਕ ਦੀ ਸਜ਼ਾ ਦੇ ਲਾਇਕ ਹੋਵੇਗਾ" ।

"ਸੋ ਜੇ ਤੂੰ ਜਗਵੇਦੀ ਉੱਤੇ ਆਪਣੀ ਭੇਟ ਚੜ੍ਹਾਉਣ ਲੱਗੇ ਅਰ ਉੱਥੇ ਤੈਨੂੰ ਚੇਤੇ ਆਵੇ ਜੋ ਮੈਂ ਆਪਣੇ ਭਰਾ ਨਾਲ ਖੋਟ ਕਮਾਇਆ ਹੈ ਤਾਂ ਉੱਥੇ ਆਪਣੀ ਭੇਟ ਜਗਵੇਦੀ ਦੇ ਸਾਹਮਣੇ ਛੱਡ ਕੇ ਚੱਲਿਆ ਜਾਹ ਅਤੇ ਪਹਿਲਾਂ ਆਪਣੇ ਭਰਾ ਨਾਲ ਮੇਲ ਕਰ । ਪਿੱਛੋ ਆਣ ਕੇ ਆਪਣੀ ਭੇਂਟ ਚੜ੍ਹਾ" । – ਮੱਤੀ 5:23-24

ਯਿਸੂ ਨੇ ਸਿਖਾਈਆ ਕਿ ਵਿਸ਼ਵਾਸ਼ੀਆਂ ਲਈ ਪਿਆਰ, ਮਜ਼ਬੂਤ ਸੰਬੰਧ ਪੈਦਾ ਕਰਨਾ ਅਤੇ ਬਣਾਈ ਰੱਖਣਾ ਗੰਭੀਰ ਹੈ । ਜਿਹਨਾਂ ਕੋਲ ਉਸ ਦੀ ਦਯਾ ਦਾ ਵਰਤਾਉ ਹੈ ਨੂੰ ਇਸ ਨੂੰ ਵਿਖਾਉਣਾ ਹੈ; ਇਸ ਤਰਾਂ ਨਾ ਕਰਨਾ ਸਾਡੀ ਗੁਪਤ ਦੀ ਅਰਾਧਨਾ ਨੂੰ ਪ੍ਰਭਾਵਿਤ ਕਰੇਗਾ । ਸਾਨੂੰ ਇਹ ਨਿਸ਼ਚਤ ਕਰਨਾ ਹੈ ਕਿ ਕੋਈ ਵੀ ਜਿਸ ਨੂੰ ਯਿਸੂ ਆਪਣਾ "ਭਰਾ" ਆਖਦਾ ਹੈ ਤੋਂ ਵੱਖਰਾ ਨਹੀਂ ਹੋਣਾ ਹੈ ।

1. ਮੱਤੀ 5:22 ਵਿੱਚ ਯਿਸੂ ਆਖਦਾ ਹੈ, "ਜੋ ਕੋਈ ਆਪਣੇ ਭਰਾ ਉੱਤੇ ________ ਕਰੇ ਉਹ ਅਦਾਲਤ ਵਿੱਚ _________ ਦੇ ਲਾਇਕ ਹੋਵੇਗਾ" ।
(ਸਜ਼ਾ, ਦਯਾ, ਦਾਨੀ, ਕ੍ਰੋਧਿਤ, ਨਿਰਾਸ਼: ਵਿੱਚੋਂ ਚੁਣੋ )

2. ਸਹੀ ਜਾਂ ਗਲਤ: ਜਦੋਂ ਤੱਕ ਮਸੀਹ ਨਾਲ ਸਾਡਾ ਸੰਬੰਧ ਸਹੀ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਦੂਸਰੀਆਂ ਨਾਲ ਸਾਡਾ ਸੰਬੰਧ ਚੰਗਾ ਹੈ ਜਾਂ ਨਹੀਂ ।

3. ਸਹੀ ਜਾਂ ਗਲਤ: ਸਿਰਫ਼ ਇੱਕੋ ਹੀ ਗ'ਲ ਜੋ ਸਾਡੇ ਦੂਸਰੀਆਂ ਨਾਲ ਸੰਬੰਧ ਵਿ'ਚ ਭਿੰਨ ਹੈ ਕਿ ਅਸੀਂ ਕੁੱਝ ਵੀ ਉਹਨਾਂ ਨੂੰ ਦੁਖੀ ਕਰਨ ਲਈ ਨਹੀਂ ਕਰਦੇ । ਜੋ ਅਸੀਂ ਆਪਣੇ ਦਿਲ ਵਿੱਚ ਮਹਿਸੂਸ ਕਰਦੇ ਹਾਂ ਮਹੱਤਵਪੂਰਣ ਨਹੀਂ ਹੈ ।

4. ਇਹ ਭਾਗ ਕਿਹੜੀ ਹਾਲਾਤ ਦੀ ਖ਼ਾਸ ਕਰਕੇ ਚਰਚਾ ਕਰਦਾ ਹੈ ?
   ੳ. ਜੇਂ ਸਾਡੇ ਨਾਲ ਕਿਸੇ ਨੇ ਗਲਤ ਕੀਤਾ ਹੈ
   ਅ. ਜੇ ਅਸੀਂ ਕਿਸੇ ਨਾਲ ਗਲਤ ਕੀਤਾ ਹੈ

5. ਮਰਕੁਸ 11:25 ਪੜੋ।ਇਹ ਭਾਗ ਕਿਹੜੀ ਹਾਲਾਤ ਦੀ ਖ਼ਾਸ ਕਰਕੇ ਚਰਚਾ ਕਰਦਾ ਹੈ?
   ੳ. ਜੇ ਸਾਡੇ ਨਾਲ ਕਿਸੇ ਨੇ ਗਲਤ ਕੀਤਾ ਹੈ
   ਅ. ਜੇਂ ਅਸੀਂ ਕਿਸੇ ਨਾਲ ਗਲਤ ਕੀਤਾ ਹੈ

6. ਸਹੀ ਜਾਂ ਗਲਤ: ਯਿਸੂ ਅਨੁਸਾਰ, ਮਸੀਹ ਵਿੱਚ ਭਾਈਆਂ ਅਤੇ ਭੈਣਾ ਵਿੱਚਕਾਰ ਕਿਸੇ ਪ੍ਰਕਾਰ ਦਾ ਵੀ ਅਣਬਣ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ ਜੇ ਅਸੀਂ ਉਸ ਨਾਲ ਸਹੀ ਤਰਾਂ ਨਾਲ ਸੰਬੰਧ ਰੱਖਣਾ ਹੈ ।



ਆਪਣੇ ਸੰਬੰਧ ਦੀ ਜਾਂਚ ਕਰੋ । ਕੀ ਤੁਹਾਡਾ ਕੋਈ ਅਜਿਹਾ ਸੰਬੰਧ ਹੈ ਜੋ ਤੁਹਾਡੀ ਅਰਾਧਨਾ ਵਿੱਚ ਰੁਕਾਵਟ ਹੈ?_____________

ਜੇਕਰ ਹੈ ਤਾਂ ਇਸ ਨੂੰ ਹੱਲ ਕਰਨ ਲਈ ਤੁਸੀਂ ਕਿਹੜੇ ਕਦਮ ਚੁੱਕ ਸਕਦੇ ਹੋ?________________________

## ਤੁਹਾਡਾ ਵਿਰੋਧੀ



*" ਜਿੰਨਾ ਚਿਰ ਤੂੰ ਆਪਣੇ ਮੁਦਈ ਨਾਲ ਰਸਤੇ ਵਿੱਚ ਹੈ ਛੇਤੀ ਉਸ ਦੇ ਨਾਲ ਮਿਲਾਪ ਕਰ ਮਤੇ ਮੁਦਈ ਤੈਨੂੰ ਹਾਕਮ ਦੇ ਹਵਾਲੇ ਕਰੇ ਅਤੇ ਹਾਕਮ ਤੈਨੂੰ ਸਿਪਾਹੀ ਦੇ ਹਵਾਲੇ ਕਰੇ ਅਤੇ ਤੂੰ ਕੈਦ ਵਿੱਚ ਪੈ ਜਾਵੇਂ । ਮੈਂ ਤੈਨੂੰ ਸਤ ਆਖਦਾ ਹਾਂ ਭਈ ਜਿੰਨਾ ਚਿਰ ਤੂੰ ਕੌਡੀ ਕੌਡੀ ਨਾ ਭਰ ਦੇਵੇਂ ਉੱਥੋਂ ਕਿਸੇ ਬਿਧ ਨਾ ਛੁੱਟੇਂਗਾ" ।* – ਮੱਤੀ 5:25-26

ਅਸੀਂ ਇੱਕ ਪ੍ਰਤੀਯੋਗੀ ਸੰਸਾਰ ਵਿੱਚ ਰਹਿੰਦੇ ਹਾਂ। ਕਈ ਵਾਰ "ਪ੍ਰਤੀ-ਯੋਗੀਆਂ" ਜਾਂ ਵਿਰੋਧੀਆਂ ਨਾਲ ਸਾਡਾ ਸੰਬੰਧ, ਦੁਸ਼ਮਣੀ ਬਣ ਜਾਂਦਾ ਹੈ, ਅਤੇ ਉਹ ਸਾਡੇ ਤੇ ਮੁੱਕਦਮਾ ਕਰਨ ਅਤੇ ਇੱਥੋ ਤੱਕ ਕਿ ਜੇਲ ਵਿੱਚ ਸੁੱਟ ਦੇਣ ਦਾ ਫੈਸਲਾ ਕਰ ਲੈਂਦੇ ਹਨ। ਚੇਲੇ ਜਿਹੜੇ ਮੇਲ ਕਰਾਉਣ ਵਾਲੇ ਹਨ ਕ੍ਰੋਧਿਤ ਨਹੀਂ ਹੁੰਦੇ ਜਾਂ ਉਹਨਾਂ ਦੇ ਦੁਸ਼ਮਣਾ ਨਾਲ ਮਿਲਣ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਪਰ ਇਸ ਦੀ ਬਜਾਏ, ਉਹ ਵਿਰੋਧੀ ਲੋਕਾਂ ਨਾਲ ਲੜਾਈ ਦਾ ਸਾਧਨ ਹੋਣ ਦਾ ਕਦੇਂ ਵੀ ਫੈਸਲਾ ਨਹੀਂ ਕਰਦੇ ।

1. ਮੱਤੀ 5:25 ਅਨੁਸਾਰ, ਯਿਸੂ ਦੇ ਚੇਲਿਆਂ ਨੇ ਉਹਨਾਂ ਦੇ ਦੁਸ਼ਮਣਾਂ ਦਾ ਕਿਵੇਂ ਜਵਾਬ ਦੇਣਾ ਹੈ? ____________________

2. ਸਹੀ ਜਾਂ ਗਲਤ : ਯਿਸੂ ਚਾਹੁੰਦਾ ਹੈ ਕਿ ਅਸੀਂ ਸਦਾ ਬਾਕੀ ਹਰੇਕ ਨੂੰ ਉਹਨਾਂ ਦੇ ਆਪਣੇ ਢੰਗ ਅਨੁਸਾਰ ਜਾਣ ਦੇਈਏ ।

3. ਸਹੀ ਜਾਂ ਗਲਤ: ਯਿਸੂ ਦੇ ਸੱਚੇ ਚੇਲਿਆਂ ਦੀ ਕਦੇਂ ਵੀ ਕਿਸੇ ਨਾਲ ਲੜਾਈ ਨਹੀਂ ਹੋਵੇਗੀ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤਦ ਤੱਕ ਹੇਠਾਂ ਲਿਖੇ ਪ੍ਰਸ਼ਨਾ ਲਈ ਇੱਕ ਸਹੀ ਉਤਰ ਨੂੰ ਚੁਣੋ।

4. ਸਾਡੇ ਵਿਰੋਧੀਆਂ ਬਾਰੇ ਯਿਸੂ ਦੀਆਂ ਸਿੱਖਿਆਵਾਂ ਲਈ ਵਿਸ਼ੇਸ਼ ਕਰਕੇ ਕਿਹੜਾ ਧੰਨ ਵਰਤਾਉ ਲਾਗੂ ਹੁੰਦਾ ਹੈ ?
   ੳ. ਸੋਗ ਕਰਨ ਬਾਰੇ ਦੂਜਾ ਧੰਨ ਵਰਤਾਉ
   ਅ. ਹਲੀਮਤਾ ਬਾਰੇ ਤੀਜਾ ਧੰਨ ਵਰਤਾਉ
   ੲ. ਦਯਾ ਬਾਰੇ ਸਤਵਾਂ ਧੰਨ ਵਰਤਾਉ
   ਸ. ਮੇਲ ਕਰਾਉਣ ਬਾਰੇ ਸਤਵਾਂ ਧੰਨ ਵਰਤਾਓ

5. ਰੋਮੀਆਂ 12:18 ਪੜੋ । ਇਸ ਆਇਤ ਅਨੁਸਾਰ, ਸਾਡੀ ਜਿੰਮੇਵਾਰੀ ਕੀ ਹੈ?
   ੳ. ਹਰੇਕ ਨਾਲ ਸ਼ਾਤੀ ਨਾਲ ਰਹਿਣ ਦੀ ਕੋਸ਼ਿਸ਼ ਕਰਨਾ
   ਅ. ਇਹ ਯਕੀਨੀ ਬਣਾਉਣਾ ਕਿ ਕੋਈ ਸਾਨੂੰ ਦੁਖੀ ਨਾ ਕਰੇ
   ੲ. ਇਸ ਢੰਗ ਨਾਲ ਕੰਮਾ ਨੂੰ ਕਰਨਾ ਕਿ ਅਸੀਂ ਠੋਕਰ ਨਾ ਖਾਈਏ
   ਸ. ਲੋਕਾਂ ਨੂੰ ਸਾਨੂੰ ਗਾਲਾਂ ਦੇਣ ਦੇਣਾ ।



ਜੇਕਰ ਤੁਹਾਡੀ ਕਿਸੇ ਨਾਲ ਲੜਾਈ ਹੈ ਅਤੇ ਇਸ ਵਿੱਚ ਤੁਹਾਡਾ ਦੋਸ਼ ਘੱਟ ਹੈ ਪਰ ਜਿਆਦਾਤਰ ਉਹਨਾਂ ਦਾ ਹੈ, ਤੁਹਾਡੀ ਸੋਚ ਅਨੁਸਾਰ ਯਿਸੂ ਤੁਹਾਨੂੰ ਕੀ ਕਰਨ ਲਈ ਕਹੇਗਾ?

_______________________________________________

_______________________________________________

_______________________________________________

## ਤੀਵੀਂਆਂ



" ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਭਈ ਤੂੰ ਜ਼ਨਾਹ ਨਾ ਕਰ ; ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਨਾਲ ਜ਼ਨਾਹ ਕਰ ਚੁੱਕਿਆ ਅਰ ਜੇ ਤੇਰੀ ਸੱਜੀ ਅੱਖ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਕੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ ਨਰਕ ਵਿੱਚ ਸੁੱਟਿਆ ਨਾ ਜਾਵੇ। ਅਤੇ ਜੇ ਤੇਰੀ ਸੱਜਾ ਹੱਥ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਵੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ ਨਰਕ ਵਿੱਚ ਨਾ ਜਾਵੇ" ।

–ਮੱਤੀ 5:27-30

ਇਹ ਸਿੱਖਿਆ ਵਿਪਰੀਤ ਲਿੰਗ ਨਾਲ ਲਾਗੂ ਹੁੰਦੀ ਹੈ। ਜਿਵੇਂ ਕਿ ਦੂਸਰੇ ਪਾਪਾਂ ਨਾਲ, ਯਿਸੂ ਮੂਲ ਕਾਰਣ: ਸਾਡੇ ਦਿਲਾਂ ਲਈ  ਜਾਂਦਾ ਹੈ । ਜੇਕਰ ਲੂਣ ਅਤੇ ਚਾਨਣ ਵਜੋਂ ਅਸੀਂ ਸੱਚਮੁੱਚ ਹੱਲ ਦਾ ਹਿੱਸਾ ਹੋਣਾ ਚਾਹੁੰਦੇ ਹਾਂ, ਸਾਨੂੰ ਆਪਣੀਆਂ ਸਰੀਰਕ ਇੱਛਾਵਾਂ ਦਾ ਨਿੰਯੰਤਣ ਕਿਵੇਂ ਕਰਨਾ ਸਿੱਖਣਾ ਹੈ ।

1. ਮੱਤੀ 5:28 ਵਿੱਚ, ਯਿਸੂ ਆਖਦਾ ਹੈ ਕਿ ਜੋ ਕੋਈ ਬੁਰੀ ਇੱਛਿਆ ਨਾਲ ਵੇਖਦਾ ਹੈ ਪਹਿਲਾਂ ਹੀ ____________________।

2. ਸਹੀ ਜਾਂ ਗਲਤ: ਯਿਸੂ ਨੇ ਅਸਲ ਵਿ'ਚ ਉਸ ਦੇ ਚੇਲਿਆਂ ਤੋਂ ਚਾਹਿਆ ਕਿ ਉਹ ਆਪਣੀਆਂ ਅੱਖਾਂ ਛੈਣੀ ਨਾਲ ਕੱਢ ਦੇਣ ਅਤੇ ਉਹਨਾਂ ਦੇ ਹੱਥਾਂ ਨੂੰ ਵੱਢ ਦੇਣ ।

3. ਸਹੀ ਜਾਂ ਗਲਤ : ਅਪਵਿੱਤਰ ਸੋਚਣ, ਅਤੇ ਬੁਰੀ ਕਾਮਨਾ ਨੂੰ ਖ਼ੁਰਾਕ ਦੇਣ , ਦੂਸਰੀ ਵਾਰ ਵੇਖਣ ਤੋਂ ਪਹਿਲਾਂ ਸਰੀਰਕ ਪਾਪ ਤੋਂ ਬਚਣਾ ਅਸਾਨ ਹੈ ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ  ਹੇਠਾਂ ਲਿਖੇ ਪ੍ਰਸ਼ਨਾਂ ਲਈ ਇੱਕ ਸਹੀ ਉਤਰ ਨੂੰ ਚੁਣੋ।

4. ਯਾਕੂਬ 1:13-15 ਪੜ੍ਹੋ । ਇਸ ਭਾਗ ਅਨੁਸਾਰ, ਸਾਡੇ ਜੀਵਨਾਂ ਵਿੱਚ ਪਾਪ ਦਾ ਆਰੰਭ ਕੀ ਹੈ?

   ੳ. ਪਰਮੇਸ਼ੁਰ ਸਾਨੂੰ ਪਰਖਦਾ ਹੈ
   ਅ. ਸਾਡੀਆਂ ਆਪਣੀਆਂ ਇਛਿਆਂਵਾ
   ੲ. ਅਸੀਂ ਪ੍ਰੀਖਿਆਵਾਂ ਦਾ ਵਿਕਾਸ ਕਰਦੇ ਹਾਂ
   ਸ. ਮੌਤ

5. ਯਾਕੂਬ 1:13-15 ਅਨੁਸਾਰ, ਪਾਪ ਦਾ ਨਤੀਜਾ ਕੀ ਹੈ ?
   ੳ. ਅਸੰਤੁਸ਼ਟੀ
   ਅ. ਸਥਾਈ ਅਸ਼ੁੱਧਤਾ
   ੲ. ਪਰਮੇਸ਼ੁਰ ਦਾ ਤਿਰਸਕਾਰ
   ਸ. ਮੌਤ

6. ਤੁਹਾਡੀ ਸੋਚ ਅਨੁਸਾਰ ਯਿਸੂ ਦਾ ਕੀ ਅਰਥ ਸੀ ਜਦੋਂ ਉਹ ਤੁਹਾਡੀ ਅੱਖ ਨੂੰ ਕੱਢਣ ਅਤੇ ਤੁਹਾਡੇ ਹੱਥ ਨੂੰ ਵੱਢ ਸੁੱਟਣ ਲਈ ਆਖਦਾ ਹੈ ?
   ੳ. ਆਰੰਭ ਤੋਂ ਹੀ ਪ੍ਰੀਖਿਆ ਨੂੰ ਕੱਟ ਦਿਓ
   ਅ. ਜਦੋਂ ਤੱਕ ਤੁਸੀਂ ਪਾਪ ਨਹੀਂ ਕਰਦੇ ਵੇਖਣਾ ਠੀਕ ਹੈ
   ੲ. ਤੁਹਾਡੀਆਂ ਸਾਰੀਆਂ ਇੱਛਿਆਵਾਂ ਬੁਰੀਆਂ ਹਨ
   ਸ. ਪਾਪ ਤੋ ਆਪਣੇ ਆਪ ਨੂੰ ਦੂਰ ਕਰਨ ਲਈ ਵਿਦਰੋਹ ਕਰੋ



ਕਿਹੜੀ ਪ੍ਰੀਖਿਆ ਨਾਲ ਤੁਸੀਂ ਜਿਆਦਾ ਸੰਘਰਸ਼ ਕਰਦੇ ਹੋ ?

__________________________________________________

ਜਿਹਨਾਂ ਤੁਸੀਂ ਕਰਦੇ ਹੋ ਉਸ ਤੋਂ ਜਿਆਦਾ ਚੰਗੀਆਂ ਪ੍ਰੀਖਿਆਂ ਤੋਂ ਬਚਣ ਦੀਆਂ ਹਾਲਤਾਂ ਤੋਂ ਬਚਣ ਬਾਰੇ ਤੁਸੀਂ ਸੋਚ ਸਕਦੇ ਹੋ ?

__________________________________________________

__________________________________________________

## ਤੁਹਾਡੀ ਪਤਨੀ



"ਇਹ ਵੀ ਕਿਹਾ ਗਿਆ ਸੀ ਭਈ ਜਿਹੜਾ ਆਪਣੀ ਤੀਵੀਂ ਨੂੰ ਤਿਆਗੇ ਉਹ ਉਸ ਨੂੰ ਤਿਆਗ ਪੱਤਰੀ ਲਿਖ ਦੇਵੇ । ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਜਿਹੜਾ ਆਪਣੀ ਤੀਵੀਂ ਨੂੰ ਹਰਾਮਕਾਰੀ ਤੋਂ ਛੁੱਟ ਕਿਸੇ ਹੋਰ ਕਾਰਨ ਤਿਆਗੇ ਉਹ, ਉਸ ਕੋਲੋਂ ਜਨਾਹ ਕਰਾਉਂਦਾ ਹੈ ਅਤੇ ਜੋ ਕੋਈ ਉਸ ਤਿਆਗੀ ਹੋਈ ਨਾਲ ਵਿਆਹ ਕਰੇ ਸੋ ਜ਼ਨਾਹ ਕਰਦਾ ਹੈ" – ਮੱਤੀ 5:31-32

ਇਹ ਇੱਕ ਉਦਾਹਰਣ ਹੈ ਜਿੱਥੇ ਸਦੂਕੀ ਅਤੇ ਫ਼ਰੀਸੀ ਮੂਸਾ ਦੀ ਸ਼ਰਾ ਦਾ ਹਵਾਲਾ ਦੇ ਰਹੇ ਸਨ, ਪਰ ਯਿਸੂ ਉਹਨਾਂ ਦੀ ਵਿਆਖਿਆ ਨਾਲ ਸਹਮਿਤ ਨਾ ਹੋਇਆ । ਤਲਾਕ ਅਤੇ ਵਿਯੋਗ ਬਹੁਤ ਸਾਰੇ ਸਭਿਆਚਾਰਾਂ ਵਿੱਚ ਇੱਕ ਮਹਾਂਮਾਰੀ ਬਣ ਗਿਆ ਹੈ, ਅਤੇ ਯਿਸੂ ਸਿਖਾ ਰਿਹਾ ਹੈ ਕਿ ਵਿਆਹ ਲਈ ਤਲਾਕ ਦੀ ਕਦੀਂ ਵੀ ਪਰਮੇਸ਼ੁਰ ਦੀ ਇੱਛਾ ਨਹੀਂ ਸੀ ।

1. ਮੱਤੀ 5:31-31 ਵਿੱਚ ਯਿਸੂ ਅਨੁਸਾਰ, ਵਿਆਹ ਵਿੱਚ ਹਰਾਮਕਾਰੀ ਤੋਂ ਛੁੱਟ ਕਿਸੇ ਹੋਰ ਕਾਰਨਾਂ ਦਾ ਹੋਣਾ ਕਿਸੇ ਨੂੰ _________ ਕਰਨ ਦਾ ਕਾਰਨ ਬਨਣਾ ਸੀ ।

2. ਸਹੀ ਜਾਂ ਗਲਤ : ਯਿਸੂ ਸਿਖਾ ਰਿਹਾ ਸੀ ਕਿ ਤਲਾਕ ਸਵੀਕਾਰ ਯੋਗ ਸੀ ।

3. ਸਹੀ ਜਾਂ ਗਲਤ : ਯਿਸੂ ਸਿਖਾ ਰਿਹਾ ਸੀ ਕਿ ਜੇਕਰ ਇੱਥੇ ਤਲਾਕ ਲਈ ਕਾਰਨ ਵੀ ਹਨ ਤੱਦ ਵੀ, ਉਸ ਦੇ ਚੇਲੇ ਇਸ ਵਿੱਚ ਵੀ ਧਰਮੀ ਹੋਣੇ ਚਾਹੀਦੇ ਹਨ ।

4. ਸਹੀ ਜਾਂ ਗਲਤ : ਧੰਨ ਵਰਤਾਉ ਸਾਡੇ ਪਤੀ ਜਾਂ ਪਤਨੀ ਨਾਲ ਸੰਬੰਧ ਵਿਚ ਵੀ ਲਾਗੂ ਹੁੰਦਾ ਹੈ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ ਹੇਠਾਂ ਲਿਖੇ ਪ੍ਰਸ਼ਨਾਂ ਲਈ ਇੱਕ ਸਹੀ ਉਤਰ ਨੂੰ ਚੁਣੋ।

5. ਅਫ਼ਸੀਆਂ 5:31-32 ਪੜ੍ਹੋ । ਇਸ ਭਾਗ ਅਨੁਸਾਰ ਵਿਆਹ_________ਹੈ ?
   - ੳ. ਇੱਕ ਮਨੁੱਖੀ ਵਿਧੀ
   - ਅ. ਸੁਖ਼ਾਲਾ ਅਤੇ ਵਿਵਹਾਰਿਕ
   - ੲ. ਮਸੀਹ ਅਤੇ ਕਲੀਸਿਯਾ ਦੀ ਇੱਕ ਉਦਾਹਰਣ
   - ਸ. ਸਭਿਆਚਾਰ ਅਤੇ ਕਾਨੂਨੀ ਕਾਰਨਾ ਲਈ ਸ਼ੁੱਧ

6. ਤੁਹਾਡੇ ਵਿਚਾਰ ਅਨੁਸਾਰ, ਸਮਾਜ ਵਿੱਚ ਚਾਨਣ ਅਤੇ ਲੂਣ ਹੋਣ ਦੀ ਸਾਡੀ ਇੱਛਾ ਨੂੰ ਤਲਾਕ ਕਿਵੇਂ ਤੁੱਛ ਕਰਦਾ ਹੈ ? (ਜੋ ਸਾਰੇ ਲਾਗੂ ਹੁੰਦੇ ਹਨ ਉਹਨਾਂ ਤੇ ਗੋਲ ਚੱਕਰ ਲਗਾਓ) (ਉੱਤਰ ਭਿੰਨ ਹੋਣਗੇ )
   ੳ. ਇਹ ਸਾਡੇ ਬੱਚਿਆਂ ਦੀਆਂ ਕੀਮਤਾਂ ਨੂੰ ਵਿਪਰੀਤ ਆਕਾਰ ਦਿੰਦਾ ਹੈ ।
   ਅ. ਇਹ ਯਿਸੂ ਦੇ ਚੇਲੇ ਹੋਣ ਤੋਂ ਸਾਨੂੰ ਅਯੋਗ ਕਰਦਾ ਹੈ ।
   ੲ. ਇਹ ਮਸੀਹ ਅਤੇ ਕਲੀਸਿਯਾ ਦੇ ਉਦਾਹਰਣ ਨੂੰ ਨੁਕਸਾਨ ਕਰਦਾ ਹੈ ।
   ਸ. ਇਹ ਸਵੀਕਾਰ ਕਰਦਾ ਕਿ ਇੱਕ ਲੜਾਈ ਦਾ ਹੱਲ ਕੀਤਾ ਜਾ ਸਕਦਾ ਹੈ
   ਹ. ਇਹ ਇੱਕ ਨਾ ਮਾਫ਼ ਕੀਤਾ ਜਾਣ ਵਾਲਾ ਪਾਪ ਹੈ ।



ਤਲਾਕ ਬਾਰੇ ਸਾਡਾ ਸਭਿਆਚਾਰ ਕੀ ਸੋਚਦਾ ਹੈ ਅਤੇ ਯਿਸੂ ਦੀ ਸਿੱਖਿਆ ਤੋਂ ਇਹ ਕਿਵੇਂ ਭਿੰਨ ਹੁੰਦਾ ਹੈ ?

__________________________________________________

# ਤੁਹਾਡੇ ਬੋਲ



*"ਫੇਰ ਤੁਸਾਂ ਸੁਣਿਆ ਹੈ ਜੋ ਅਗਲਿਆਂ ਨੂੰ ਇਹ ਕਿਹਾ ਗਿਆ ਸੀ ਭਈ ਤੂੰ ਝੂਠੀ ਸੌਂਹ ਨਾ ਖਾਹ ਪਰ ਪ੍ਰਭੁ ਦੇ ਲਈ ਆਪਣੀਆਂ ਸੌਂਹਾਂ ਪੂਰੀਆਂ ਕਰ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਕਦੇ ਵੀ ਸੌਂਹ ਨਾ ਖਾਣੀ, ਨਾ ਅਕਾਸ਼ ਦੀ ਇਸ ਲਈ ਜੋ ਉਹ ਪਰਮੇਸ਼ੁਰ ਦਾ ਸਿੰਘਾਸਣ ਹੈ ਅਤੇ ਨਾ ਧਰਤੀ ਦੀ ਇਸ ਲਈ ਜੋ ਉਹ ਉਸ ਦੇ ਚਰਨਾ ਦੀ ਚੌਂਕੀ ਹੈ ਅਤੇ ਨਾ ਯਰੂਸ਼ਲਮ ਦੀ ਇਸ ਲਈ ਜੋ ਉਹ ਮਹਾਰਾਜ ਦਾ ਸ਼ਹਿਰ ਹੈ । ਅਤੇ ਨਾ ਆਪਣੇ ਸਿਰ ਦੀ ਸੌਂਹ ਖਾਹ ਕਿਉਂ ਜੋ ਤੂੰ ਇੱਕ ਵਾਲ ਨੂੰ ਧੌਲਾ ਜਾਂ ਕਾਲਾ ਨਹੀਂ ਕਰ ਸੱਕਦਾ । ਪਰ ਤੁਹਾਡੇ ਬੋਲਣ ਵਿੱਚ ਹਾਂ ਦੀ ਹਾਂ ਅਤੇ ਨਾ ਦੀ ਨਾ ਹੋਵੇ ਅਰ ਜੋ ਇਨ੍ਹਾਂ ਤੋਂ ਵੱਧ ਹੈ ਸੋ ਬਦੀ ਤੋਂ ਹੁੰਦਾ ਹੈ" ।*

– ਮੱਤੀ 5:33-37

ਯਿਸੂ ਦੇ ਦਿਨਾਂ ਵਿੱਚ ਧਾਰਮਿਕ ਆਗੂਆਂ ਦੀ ਰਵਾਇਤ ਵਿੱਚ, ਸੌਂਹ ਨਾਲ ਸੰਬਧਿਤ ਇੱਕ ਜਟਿਲ ਪ੍ਰਣਾਲੀ ਸੀ ਜੋ ਬੰਨਦੀ ਸੀ ਅਤੇ ਸੌਂਹ ਜੋ ਨਹੀਂ ਸੀ । ਇਹ ਇੱਕ ਬੇਹੂਦਾ, ਉਲਝਣ ਵਾਲੀ ਪ੍ਰਣਾਲੀ ਸੀ ਜੋ ਝੂਠੀ ਗਵਾਹੀ ਨਾ ਦੇਣ ਦੇ ਪਰਮੇਸ਼ੁਰ ਦੇ ਹੁਕਮ ਦਾ ਆਦਰ ਨਹੀਂ ਸੀ । ਯਿਸੂ ਨੇ ਜ਼ਿੱਦ ਕੀਤੀ ਕਿ ਉਸ ਦੇ ਚੇਲੇ ਸ਼ਬਦ ਦੇ ਮਨੁੱਖ ਅਤੇ ਉਹਨਾਂ ਦੇ ਸ਼ਬਦਾਂ ਨੂੰ ਪੂਰੀਆਂ ਕਰਨ ਵਾਲੇ ਹੋਣ ।

1. ਮੱਤੀ 5:34 ਵਿੱਚ, ਯਿਸੂ ਨੇ ਕਿਹਾ, "ਕਦੇ ਵੀ ________ ਨਾ ਖਾਣੀ" ।

2. ਸਹੀ ਜਾਂ ਗਲਤ : ਯਿਸੂ ਸਿਖਾ ਰਿਹਾ ਸੀ ਕਿ ਇਮਾਨਦਾਰੀ ਅਤੇ ਨੇਕ ਨੀਤੀ ਉਸ ਲਈ ਬੇਅੰਤ ਮਹੱਤਵਪੂਰਣ ਸੀ ।

3. ਸਹੀ ਜਾਂ ਗਲਤ: ਯਿਸੂ ਨੇ ਚਾਹਿਆ ਕਿ ਉਸ ਦੇ ਚੇਲੇ ਕਦੇਂ ਵੀ ਕਿਸੇ ਵੀ ਸਮਰਪਣ ਨੂੰ ਨਾ ਕਰਨ, ਜੇ ਕਰ ਉਹ ਇਸ ਨੂੰ ਪੂਰਾ ਕਰਨ ਯੋਗ ਨਹੀਂ ਸਨ ।

4. ਤੁਸੀਂ ਕਿਵੇਂ ਮਹਿਸੂਸ ਕਰੋਗੇ ਜੇਕਰ ਕਿਸੇ ਨੇ ਤੁਹਾਡੇ ਨਾਲ ਵਾਅਦਾ ਕੀਤਾ ਅਤੇ ਤਦ ਉਸ ਦੇ ਵਾਅਦੇ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਕਿਉਂਕਿ ਉਹ ਦਾ ਸੱਚਮੁੱਚ ਇਹ ਅਰਥ ਨਹੀਂ ਸੀ । (ਉੱਤਰ ਭਿੰਨ ਹੋਣਗੇ )

ੳ. ਇਹ ਮੈਨੂੰ ਪਰੇਸ਼ਾਨ ਨਹੀਂ ਕਰੇਗਾ;ਲੋਕ ਹਰ ਸਮੇਂ ਇਸ ਤਰਾਂ ਹੀ ਕਰਦੇ ਹਨ।

ਅ. ਇਹ ਮੈਨੂੰ ਪਰੇਸ਼ਾਨ ਕਰੇਗਾ, ਪਰ ਮੈਂ ਸਮਝਦਾ ਹਾਂ । ਮੈਂ ਵੀ ਇਸ ਤਰਾਂ ਹੀ ਕਰਦਾ ਹਾਂ ।

ੲ. ਇਹ ਮੈਨੂੰ ਪਰੇਸ਼ਾਨ ਕਰੇਗਾ ਕਿਉਂਕਿ ਇਹ ਬੇਇਮਾਨੀ ਹੈ ।



ਇਮਾਨਦਾਰੀ ਅਤੇ ਨੇਕ ਨੀਤੀ ਲਈ ਸਾਡੇ ਸਭਿਆਚਾਰ ਦਾ ਪੈਮਾਨਾ ਕੀ ਹੈ? ਉਹ ਯਿਸੂ ਦੇ ਪੈਮਾਨੇ ਤੋਂ ਕਿਵੇਂ ਭਿੰਨ ਹਨ ?

________________________________________
________________________________________
________________________________________
________________________________________

## ਬੁਰੇ ਲੋਕ



"ਤੁਸਾਂ ਸੁਣਿਆ ਹੈ ਜੋ ਕਿਹਾ ਗਿਆ ਸੀ ਕਿ ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ। ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਦੁਸ਼ਟ ਦਾ ਸਾਹਮਣਾ ਨਾ ਕਰਨਾ ਸਗੋਂ ਜੋ ਕੋਈ ਤੇਰੀ ਸੱਜੀ ਗੱਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੇ ਵੱਲ ਭੁਆ ਦਿਹ । ਅਤੇ ਜਿਹੜਾ ਤੇਰੇ ਉੱਤੇ ਨਾਲਸ਼ ਕਰ ਕੇ ਤੇਰਾ ਕੁੜਤਾ ਲੈਣਾ ਚਾਹੇ ਤਾਂ ਉਹ ਨੂੰ ਚਾਦਰ ਵੀ ਲੈਣ ਦੇਹ ਅਤੇ ਜੇ ਕੋਈ ਤੈਨੂੰ ਇੱਕ ਕੋਹ ਵਿਗਾਰੇ ਲੈ ਜਾਵੇ ਤਾਂ ਉਹ ਦੇ ਨਾਲ ਦੋ ਕੋਹ ਚਲਿਆ ਜਾਹ । ਜਿਹੜਾ ਤੈਥੋਂ ਮੰਗੇ ਉਹ ਨੂੰ ਦਿਹ ਅਤੇ ਜੋ ਕੋਈ ਤੇਰੇ ਕੋਲੋਂ ਉਧਾਰ ਮੰਗੇ ਉਸ ਤੋਂ ਮੂੰਹ ਨਾ ਮੋੜ" । – ਮੱਤੀ 5:38-42

"ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ" ਦੀ ਪੁਰਾਣੇ ਨਿਯਮ ਦੀ ਸ਼ਰਾ ਮੂਸਾ ਦੁਆਰਾ ਸਖ਼ਤ ਦਿਲ ਲੋਕਾਂ ਲਈ ਦਿੱਤੀ ਗਈ ਸੀ ਜੋ ਚਾਹੁੰਦੇ ਸਨ ਕਿ ਉਹਨਾਂ ਦਾ ਬਦਲਾ ਉਹਨਾਂ ਦੇ ਬਦਲਾ ਲੈ ਰਹੇ ਜੁਰਮ ਤੋਂ ਜਿਆਦਾ ਹੈ । ਉਦਾਹਰਣ ਵਜੋਂ, ਜੇਕਰ ਕੋਈ ਦੰਦ ਤੋੜਦਾ, ਸ਼ਿਕਾਰ ਹੋਇਆ ਵਿਅਕਤੀ ਕਹੇਗਾ, "ਮੈਂ ਤੇਰੀ ਧੌਣ ਤੋੜਨ ਜਾ ਰਿਹਾ ਹਾਂ" । ਮੂਸਾ ਦੀ ਸ਼ਰਾ ਨੇ ਨਿਆਂ ਭਾਲਿਆ ਨਾ ਕਿ ਬਦਲਾ । ਪਰ ਯਿਸੂ ਨਿਆਂ ਤੋਂ ਪਰੇ ਆਤਮਾ ਦੀ ਸ਼ਰਾ ਲਈ ਗਿਆ, ਜੋ ਸਦਾ ਦਯਾ ਹੈ ।

1. ਮੱਤੀ 5:39 ਵਿੱਚ, ਯਿਸੂ ਕਿਸ ਦਾ ਸਾਹਮਣਾ ਨਾ ਕਰਨ ਲਈ ਆਖਦਾ ਹੈ ?

   ________________

2. ਸਹੀ ਜਾਂ ਗਲਤ: ਪਰਮੇਸ਼ੁਰ ਚਾਹੁੰਦਾ ਹੈ ਕਿ ਦੂਸਰੇ ਲੋਕ ਜੋ ਵੀ ਸਾਥੋਂ ਚਾਹੁੰਦੇ ਹਨ ਲੈ ਲੈਣ ।

3. ਸਹੀ ਜਾਂ ਗਲਤ : ਯਿਸੂ ਪ੍ਰਤੱਖ ਸ਼ਰਾ ਦੀ ਆਤਮਾ ਦਾ ਵਿਰੋਧ ਕਰ ਰਿਹਾ ਸੀ ਜਦੋਂ ਉਸ ਨੇ ਇਹ ਸਿੱਖਿਆ ਦਿੱਤੀ ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ ਹੇਠਾਂ ਲਿਖੇ ਪ੍ਰਸ਼ਨਾਂ ਲਈ ਇੱਕ ਸਹੀ ਉੱਤਰ ਚੁਣੋ ।

4. ਯਿਸੂ ਦੀ ਸਿੱਖਿਆ ਉਹਨਾਂ ਲੋਕਾਂ ਲਈ ਕਿਵੇਂ ਲਾਗੂ ਹੁੰਦੀ ਹੈ ਜੋ ਇੱਕ ਪ੍ਰਤੀਯੋਗੀ ਸੰਸਾਰ ਵਿੱਚ ਰਹਿੰਦੇ ਹਨ?

   ੳ. ਇਹ ਸਾਨੂੰ ਦੱਸਦੀ ਕਿ ਅਸੀ ਉਵੇਂ ਹੀ ਪ੍ਰਤੀਯੋਗੀ ਹੋਈਏ।

   ਅ. ਇਹ ਸਾਨੂੰ ਦੱਸਦੀ ਕਿ ਮੇਲ ਕਰਾਉਣ ਵਾਲੇ ਹੁੰਦੇ ਹੋਏ ਭਿੰਨ ਬਣੀਏ ।

   ੲ. ਇਹ ਸਾਨੂੰ ਦੱਸਦੀ ਕਿ ਨਿਆਂ ਭਾਲੀਏ ਅਤੇ ਸਭ ਕੁੱਝ ਸਿੱਧਤਾ ਨਾਲ ਠੀਕ ਕਰੀਏ।

   ਸ. ਇਹ ਸਾਨੂੰ ਸਦਾ ਦੱਸਦੀ ਕਿ ਬੁਰੇ ਲੋਕਾਂ ਨੂੰ ਉਹਨਾਂ ਦੇ ਕੰਮ ਕਰਨ ਦਿਓ।

5. ਤੁਹਾਡੀ ਸੋਚ ਅਨੁਸਾਰ ਲੋਕ ਉਹਨਾਂ ਚੇਲਿਆਂ ਦਾ ਕਿਵੇ ਜਵਾਬ ਦੇਣਗੇ ਜੋ ਇਸ ਸਿੱਖਿਆ ਨੂੰ ਯਥਾਰਥ ਲੈਂਦੇ ਹਨ? (ਜੋ ਸਾਰੇ ਲਾਗੂ ਹੁੰਦੇ ਹਨ ਉਹਨਾਂ ਤੇ ਗੋਲ ਚੱਕਰ ਲਗਾਓ) (ਉੱਤਰ ਭਿੰਨ ਹੋਣਗੇ )

ਬਦਲੇ ਪ੍ਰਤੀ ਸਾਡੇ ਸਭਿਆਚਾਰ ਦੀ ਪਹੁੰਚ ਕੀ ਹੈ? ਕੀ ਇਹ ਸਮਾਜਿਕ ਤੌਰ ਤੇ ਸਵੀਕਾਰ ਯੋਗ ਹੈ? ਜੇਕਰ ਤੁਸੀਂ ਯਿਸੂ ਦੀ ਦਯਾ ਅਤੇ ਖੁਲ੍ਹ ਦਿਲੀ ਦੀ ਸਿੱਖਿਆ ਅਨੁਸਾਰ ਕਰੋ, ਤਾਂ ਇਹ ਤੁਹਾਡੇ ਆਲ੍ਹੇ ਦੁਆਲੇ ਦੇ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

______________________________________________________

______________________________________________________

______________________________________________________

______________________________________________________

## ਤੁਹਾਡਾ ਦੁਸ਼ਮਣ

" ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਕਿ, 'ਤੂੰ ਆਪਣੇ ਗੁਆਂਢੀ ਨਾਲ ਪਿਆਰ ਕਰ ਅਤੇ ਆਪਣੇ ਵੈਰੀ ਨਾਲ ਵੈਰ ਰੱਖ' ਪਰ ਮੈਂ ਤੁਹਾਨੂੰ ਆਖਦਾ ਹਾਂ: ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਹਨਾਂ ਲਈ ਪ੍ਰਾਰਥਨਾ ਕਰੋ ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ ਪੁੱਤ੍ਰ ਹੋਵੋ ਕਿਉਂ ਜੋ ਉਹ ਆਪਣਾ ਸੂਰਜ ਬੂਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ। ਜੇ ਤੁਸੀਂ ਉਨਾਂ ਨਾਲ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਹਾਡਾ ਕੀ ਫਲ ਹੈ? ਭਲਾ, ਮਸੂਲੀਏ ਇਹ ਨਹੀਂ ਕਰਦੇ? ਅਤੇ ਜੇਕਰ ਤੁਸੀਂ ਨਿਰਾ ਆਪਣੇ ਭਾਈਆਂ ਨੂੰ ਪਰਨਾਮ ਕਰੋ ਤਾਂ ਤੁਸੀਂ ਕੀ ਵੱਧ ਕਰਦੇ ਹੋ? ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਵੇਂ ਤੁਸੀਂ ਵੀ ਸੰਪੂਰਣ ਹੋਵੋ"। – ਮੱਤੀ 5:43-48

ਯਿਸੂ ਦੀਆਂ ਸਿੱਖਿਆਂਵਾ ਵਿੱਚ ਇਹ ਆਇਤਾਂ ਸਭ ਤੋਂ ਜਿਆਦਾ ਵਿਆਖਿਆ ਕਰਨ ਅਤੇ ਲਾਗੂ ਕਰਨ ਵਿੱਚ ਮੁਸ਼ਿਕਲ ਹਨ । ਇਹ ਉੱਚ ਆਚਰਣ ਨੂੰ ਸਿਖਾਉਂਦੇ ਹਨ ਜੋ ਇਸ ਸੰਸਾਰ ਨੇ ਕਦੇ ਨਾ ਸੁਣਇਆ ਹੈ । ਧਾਰਮਿਕ ਆਗੂ ਸਿਖਾਉਂਦੇ ਰਹੇ ਸਨ ਕਿ ਸ਼ਰਾ ਆਖਦੀ ਕਿ ਤੁਹਾਡੀ ਗੁਆਂਢੀ ਨੂੰ (ਜੋ ਇਹ ਨਹੀਂ ਆਖਦੀ) ਪਿਆਰ ਕਰੋ ਅਤੇ ਤੁਹਾਡੇ ਦੁਸ਼ਮਣ ਨੂੰ ਨਫ਼ਰਤ ਕਰੋ ।

ੳ. ਉਹ ਹੈਰਾਨ ਹੋਣਗੇ, ਹੋ ਸਕਦਾ ਬਦਲ ਜਾਣ ।

ਅ. ਉਹ ਹੱਸਣਗੇ ।

ੲ. ਉਹ ਸੋਚਣਗੇ ਕਿ ਅਸੀਂ ਚਲਾਕ ਨਹੀਂ ਹਾਂ ।

ਸ. ਉਹ ਸਾਡੀ ਖੁੱਲ੍ਹਦਿਲੀ ਦਾ ਲਾਭ ਲੈਣਗੇ।

ਕ. ਉਹ ਸਾਡੀ ਪ੍ਰਸ਼ਸਾ ਕਰਨਗੇ, ਪਰ ਸੋਚਣਗੇ ਕਿ ਅਸੀਂ ਅਵਿਵਹਾਰਕ ਹਾਂ।

(ਜੋ ਇਹ ਨਹੀਂ ਆਖਦੀ )। ਯਿਸੂ ਨੇ ਗਲਤਫਹਿਮੀ ਨੂੰ ਦੂਰ ਕਰਦਾ ਅਤੇ ਉਸ ਦੇ ਚੇਲਿਆਂ ਨੂੰ ਪੂਰੇ ਸਮਰਪਣ ਦਾ ਸੱਦਾ ਹੈ । ਸਾਡੇ ਗੁਆਂਢੀਆਂ ਅਤੇ ਸਾਡੇ ਦੁਸ਼ਮਣਾਂ ਨੂੰ ਪਿਆਰ ਕਰਨਾ ਪਰਮੇਸ਼ੁਰ ਦੇ ਪੈਮਾਨੇ ਅਨੁਸਾਰ ਅਸੰਭਵ ਹੈ, ਸਿਵਾਏ ਇੱਕ ਗੱਲ ਦੇ : ਸਾਡੇ ਅੰਦਰ ਯਿਸੂ ਵਾਸ ਕਰਦਾ ਹੈ ।

1. ਮੱਤੀ 5:44 ਵਿੱਚ, ਯਿਸੂ ਆਖਦਾ ਹੈ ਕਿ ____________ ਨੂੰ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਂਦੇ ਹਨ ਉਹਨਾਂ ਲਈ ____________ ।

2. ਸਹੀ ਜਾਂ ਗਲਤ: ਬਾਈਬਲ ਕਦੇਂ ਵੀ ਸਾਡੇ ਦੁਸ਼ਮਣਾ ਨਾਲ ਨਫ਼ਰਤ ਕਰਨ ਲਈ ਨਹੀਂ ਕਹਿੰਦੀ।

3. ਸਹੀ ਜਾਂ ਗਲਤ : ਲੋਕਾਂ ਨੂੰ ਪਿਆਰ ਕਰਨ ਦੀ ਪ੍ਰੇਰਨਾ ਇਸ ਲਈ ਹੈ ਤਾਂਜੋ ਅਸੀਂ ਪਰਮੇਸ਼ੁਰ ਦੇ ਪੁੱਤ੍ਰ ਕਹਾਏ ਜਾ ਸਕੀਏ ।

4. ਸਹੀ ਜਾਂ ਗਲਤ: ਖੁੱਦ-ਦੀ ਸੁੱਰਖਿਆ ਯਿਸੂ ਦੇ ਇੱਕ ਚੇਲੇ ਦਾ ਸ਼੍ਰੇਸ਼ਠ ਆਚਰਣ ਹੈ। ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ ਹੇਠਾਂ ਲਿਖੇ ਪ੍ਰਸ਼ਨਾ ਲਈ ਇੱਕ ਸਹੀ ਉੱਤਰ ਚੁਣੋ।

5. ਲੂਕਾ 10:25-37 ਪੜ੍ਹੋ । ਇਸ ਦ੍ਰਿਸ਼ਟਾਂਤ ਵਿੱਚ, ਇੱਕ ਸਾਮਰੀ ਦੁਆਰਾ ਇੱਕ ਯਹੂਦੀ ਦੀ ਸਹਾਇਤਾ ਕਰਨ ਬਾਰੇ ਕੀ ਖ਼ਾਸ ਹੈ?

   ੳ. ਕੁਝ ਵੀ ਨਹੀਂ । ਯਹੂਦੀ ਅਤੇ ਸਾਮਰੀ ਸਦਾ ਇੱਕ ਦੂਸਰੇ ਦੀ ਸਹਾਇਤਾ ਕਰਦੇ ਸਨ ।

   ਅ. ਯਹੂਦੀ ਅਤੇ ਸਾਮਰੀ ਇੱਕ ਦੂਸਰੇ ਨਾਲ ਨਫ਼ਰਤ ਕਰਦੇ ਸਨ ।

   ੲ. ਯਹੂਦੀ ਅਤੇ ਸਾਮਰੀ ਇਨ੍ਹੇ ਦੂਰ ਰਹਿੰਦੇ ਹਨ ਕਿ ਉਹਨਾਂ ਕਦੇਂ ਵੀ ਇੱਕ ਦੂਸਰੇ ਨੂੰ ਨਹੀਂ ਵੇਖਿਆ ।

6. ਜਦੋਂ ਯਿਸੂ ਲੂਕਾ 10: 27- 28 ਵਿੱਚ ਉਸ ਦੇ ਗੁਆਂਢੀ ਨੂੰ ਪਿਆਰ ਕਰਨ ਲਈ ਆਖਦਾ ਹੈ, ਤੁਹਾਡੀ ਸੋਚ ਅਨੁਸਾਰ ਉਸ ਦਾ ਅਰਥ ਕਿਹਨਾਂ ਲਈ ਸੀ ?

   ੳ. ਲੋਕ ਜੋ ਸਾਡੇ ਨੇੜੇ ਰਹਿੰਦੇ ਹਨ

   ਅ. ਲੋਕ ਜਿਹਨਾਂ ਦੀ ਉਹੀ ਚਮੜੀ ਹੈ ਜੋ ਸਾਡੀ ਹੈ

   ੲ. ਲੋਕ ਜਿਹਨਾਂ ਦਾ ਉਹੀ ਦਰਜਾ ਹੈ ਜੋ ਸਾਡਾ ਹੈ

   ਸ. ਸਿਰਫ਼ ਸਾਡੇ ਮਿੱਤਰ

   ਹ. ਹਰੇਕ

7. ਗਲਾਤੀਆਂ 2:20 ਪੜ੍ਹੋ । ਇਸ ਭਾਗ ਅਨੁਸਾਰ, ਦੂਸਰੀਆਂ ਨੂੰ, ਇੱਥੋ ਤੱਕ ਕਿ ਸਾਡੇ ਦੁਸ਼ਮਣਾ ਨੂੰ ਪਿਆਰ ਕਰਨ ਲਈ ਸਾਡੀ ਸਹਾਇਤਾ ਵਿੱਚ ਕਿਹੜੀ ਸ਼ਕਤੀ ਹੈ?

   ੳ. ਸਿਰਫ਼ ਅਸੀਂ ਪਾਪੀ ਖੁੱਦ

ਅ. ਸਾਡੇ ਦਿਲ ਦੀਆਂ ਆਪਣੀਆਂ ਇੱਛਾਵਾਂ
ਏ. ਪਰਮੇਸ਼ੁਰ ਦੇ ਹੁਕਮ
ਸ. ਯਿਸੂ ਖੁੱਦ

8. ਜਦੋਂ ਯਿਸੂ ਆਖਦਾ ਹੈ ਕਿ ਸਿੱਧ ਹੋਵੋ ਜਿਵੇਂ ਪਰਮੇਸ਼ੁਰ ਸਿੱਧ ਹੈ (ਆਇਤ 48), ਤਾਂ ਉਸ ਦਾ ਕੀ ਅਰਥ ਹੈ?
ੳ. ਅਸੀਂ ਪਾਪ ਰਹਿਤ ਬਣ ਜਾਂਦੇ ਹਨ ।
ਅ. ਅਸੀਂ ਪਰਮੇਸ਼ੁਰ ਦੇ ਖਾਕੇ ਦੁਆਰਾ ਸਿੱਧ ਅਤੇ ਸੰਪੂਰਣ ਬਣ ਸਕਦੇ ਹਾਂ।
ਏ. ਅਸੀਂ ਪਰਮੇਸ਼ੁਰ ਵਾਂਗ ਸਵਰਗੀ ਬਣ ਸਕਦੇ ਹਾਂ ।

9. ਯਿਸੂ ਨੇ ਉਸ ਦੇ ਚੇਲੀਆਂ ਤੋਂ ਸਪਸ਼ਟ __________ਦੀ ਆਸ ਕੀਤੀ ।
ੳ. ਜੋ ਬਾਕੀ ਸੰਸਾਰ ਕਰਦਾ ਉਸ ਨੂੰ ਕਰੋ
ਅ. ਸਮਾਜ ਦੇ ਪੈਮਾਨੇ ਵਿੱਚ ਢੁੱਕਵੇਂ
ਏ. ਜੋ ਉਹਨਾਂ ਤੋਂ ਆਸ ਕੀਤੀ ਉਹ ਕਰਨਾ
ਸ . ਜੋ ਉਹਨਾਂ ਤੋਂ ਆਸ ਕੀਤੀ ਉਸ ਤੋਂ ਜਿਆਦਾ ਕਰਨਾ

ਕੀ ਤੁਹਾਡੇ ਸੰਬੰਧ ਤੁਹਾਡੇ ਸਭਿਆਚਾਰ ਨੂੰ ਪ੍ਰਗਟ ਕਰਦੇ ਜਾਂ ਤੁਹਾਡੇ ਮਸੀਹ ਨੂੰ ਜਿਆਦਾ ਪ੍ਰਗਟ ਕਰਦੇ ਹਨ?__________________________________

ਬਾਕੀ ਦੇ ਸੰਸਾਰ ਤੋਂ ਤੁਹਾਡਾ ਵਿਵਹਾਰ ਵਿੱਚ ਕੀ ਤੁਹਾਨੂੰ ਭਿੰਨ ਕਰਦਾ ਹੈ?
______________________________________________________
______________________________________________________
______________________________________________________
______________________________________________________
______________________________________________________